**ਵਿਸ਼ਾ–ਰਿਟਾਇਰਡ ਸਪੈਸ਼ਲਿਸਟਾਂ ਨੂੰ ਰੀ–ਇੰਮਪਲਾਇ ਕਰਨ ਬਾਰੇ**

1. ਕੈਬਨਿਟ ਦੀ ਮੰਨਜੂਰੀ ਤੋਂ ਬਾਅਦ ਅਸੀਂ ਸਪੈਸ਼ਲਿਸਟ ਡਾਕਟਰਾਂ ਨੂੰ ਰੀ–ਇੰਪਲਾਇ ਕਰਨ ਲਈ ਅਖਬਾਰਾਂ ਵਿਚ ਇਸ਼ਤਿਹਾਰ ਦਿੱਤਾ ਹੈ ਅਤੇ ਮਿਤੀ 28/7/2010 ਅਤੇ ਮਿਤੀ 29/7/2010 ਨੂੰ ਉਹਨਾਂ ਦੇ ਇੰਟਰਵਿਊ ਰੱਖੇ ਹਨ। 42 ਡਾਕਟਰਾਂ ਨੇ ਅਪਲਾਈ ਕੀਤਾ ਹੈ। ਇਸ ਤੋਂ ਪਹਿਲਾਂ ਮਿਤੀ 16/7/2010 ਨੂੰ ਸਿੱਧੀ ਭਰਤੀ ਰਾਹੀਂ ਸਪੈਸ਼ਲਿਸਟਾਂ ਦੀ ਭਰਤੀ ਕਰਨ ਲਈ ਪੀ.ਜੀ.ਆਈ. ਕਮੇਟੀ ਵਲੋਂ ਇੰਟਰਵਿਊ ਰੱਖੀ ਗਈ ਸੀ ਪਰੰਤੂ ਕਮੇਟੀ ਦੇ ਚੇਅਰਮੈਨ ਪ੍ਰੋਫੈਸਰ ਜੇ.ਐਸ.ਚੋਪੜਾ ਦੇ ਬਾਹਰ ਹੋਣ ਕਰਕੇ ਇਹ ਇੰਟਰਵਿਊ ਮਿਤੀ 3/8/2010 ਨੂੰ ਪੋਸਟਪੋਨ ਕੀਤੇ ਗਏ ਬਾਅਦ ਵਿਚ ਇੰਟਰਵਿਊ ਮਿਤੀ 7/8/2010 ਨੂੰ ਖਤਮ ਕੀਤੀਆਂ ਗਈਆਂ। ਉਹਨਾਂ ਦੀ ਨਿਯੁਕਤੀ ਜਲਦੀ ਹੋਣ ਵਾਲੀ ਹੈ।

2. ਪੀ.ਸੀ.ਐਮ.ਐਸ. ਐਸੋਸੀਏਸ਼ਨ ਅਤੇ ਕਈ ਹੋਰ ਡਾਕਟਰਾਂ ਨੇ ਇਤਰਾਜ਼ ਉਠਾਇਆ ਹੈ ਕਿ ਜਦੋਂ ਸਿੱਧੀ ਭਰਤੀ ਰਾਹੀਂ ਸਪੈਸ਼ਲਿਸਟਾਂ ਡਾਕਟਰਾਂ ਦੀ ਇੰਟਰਵਿਊ ਮਿਤੀ 3/8/2010 ਨੂੰ ਹੋ ਰਹੀ ਹੈ ਤਾਂ ਇਸ ਤੋਂ ਪਹਿਲਾਂ ਰਿਟਾਇਰਡ ਸਪੈਸ਼ਲਿਸਟਾਂ ਨੂੰ ਭਰਤੀ ਕਰਨ ਲਈ ਵਿਭਾਗ ਨੂੰ ਕੀ ਜਲਦੀ ਹੈ। ਮਾਨਯੋਗ ਸਿਹਤ ਮੰਤਰੀ ਜੀ ਦੀ ਮੰਨਜੂਰੀ ਨਾਲ ਇਹ ਫੈਸਲਾ ਕੀਤਾ ਗਿਆ ਹੈ ਕਿ ਰਿਟਾਇਰਡ ਸਪੈਸ਼ਲਿਸਟ ਡਾਕਟਰਾਂ ਦੀ ਮਿਤੀ 28/7/2010 ਅਤੇ ਮਿਤੀ 29/7/2010 ਨੂੰ ਅਰਜ਼ੀਆਂ ਲੈ ਕੇ ਰੱਖ ਲਈਆਂ ਜਾਣ ਅਤੇ ਸਿੱਧੀ ਭਰਤੀ ਰਾਹੀਂ ਨਵੇਂ ਸਪੈਸ਼ਲਿਸਟਾਂ ਦੀ ਭਰਤੀ ਕਰਨ ਦੀ ਪ੍ਰਕ੍ਰਿਆ ਖਤਮ ਕਰ ਲਈ ਜਾਵੇ। ਜੇਕਰ ਇਸ ਤੋਂ ਬਾਅਦ ਸਪੈਸ਼ਲਿਸਟਾਂ ਦੀਆਂ ਪੋਸਟਾਂ ਖਾਲੀ ਬਚਦੀਆਂ ਹਨ ਤਾਂ ਹੀ ਰਿਟਾਇਰਡ ਸਪੈਸ਼ਲਿਸਟ ਡਾਕਟਰਾਂ ਨੂੰ ਰੱਖਿਆ ਜਾਵੇ। ਹੁਣ ਸਿੱਧੀ ਭਰਤੀ ਰਾਹੀਂ ਸਪੈਸ਼ਲਿਸਟ ਡਾਕਟਰ ਮਿਤੀ 20/8/2010 ਤੱਕ ਨਿਯੁਕਤ ਹੋ ਜਾਣਗੇ ਅਤੇ ਰਿਟਾਇਰਡ ਸਪੈਸ਼ਲਿਸਟ ਡਾਕਟਰਾਂ ਦੀ ਜੇਕਰ ਲੋੜ ਪਈ ਤਾਂ ਮਿਤੀ 31/8/2010 ਤੱਕ ਰੱਖ ਲਏ ਜਾਣਗੇ।

3. ਉਹਨਾਂ ਦੇ ਵਿਰੁੱਧ ਰੂਰਲ ਮੈਡੀਕਲ ਅਫਸਰ ਜੋ ਕਿ ਜ਼ਿਲ੍ਹਾ ਪ੍ਰੀਸ਼ਦ ਦੀਆਂ ਡਿਸਪੈਂਸਰੀਆਂ ਵਿੱਚ ਲੱਗੇ ਹੋਏ ਹਨ, ਨੇ ਮਿਤੀ 28/7/2●1● ਨੂੰ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਦਫਤਰ ਵਿਚ ਧਰਨਾ ਦੇ ਦਿੱਤਾ। ਉਹਨਾਂ ਨੇ ਹੇਠ ਲਿਖੇ ਇਸ਼ੂਜ਼ ਬਣਾਏ ਹੋਏ ਹਨ-

(1) ਕਿ ਰਿਟਾਇਰਡ ਸਪੈਸ਼ਲਿਸਟ ਡਾਕਟਰ ਨਾ ਰੱਖੇ ਜਾਣ ਅਤੇ ਰੂਰਲ ਮੈਡੀਕਲ ਅਫਸਰਾਂ ਨੂੰ ਹੀ 3 ਸਾਲ ਦੀ ਰੂਰਲ ਸਰਵਿਸ ਦਾ ਫਾਇਦਾ ਦੇ ਕੇ ਸਰਕਾਰ 6●% ਰਿਜ਼ਰਵ ਕੋਟੇ ਦੇ ਅਧੀਨ ਉਹਨਾਂ ਨੂੰ ਪੀ.ਜੀ. ਕਰਾਏ ਅਤੇ ਉਹ ਪੀ.ਜੀ. ਕਰਨ ਤੋਂ ਬਾਅਦ ਸਰਕਾਰ ਵਿਚ ਬਤੌਰ ਸਪੈਸ਼ਲਿਸਟ ਡਾਕਟਰ ਨੌਕਰੀ ਕਰਨ ਨੂੰ ਤਿਆਰ ਹਨ।

(2) ਕਿ ਰੂਰਲ ਮੈਡੀਕਲ ਅਫਸਰਾਂ ਦੀ ਸਰਵਿਸ ਨੂੰ ਰੈਗੂਲਰਾਈਜ਼ ਕੀਤਾ ਜਾਵੇ।



(3) ਰਿਟਾਇਰਡ ਸਪੈਸ਼ਲਿਸਟਾਂ ਨੂੰ ਰੱਖਣ ਨਾਲ ਨਵੇਂ ਸਪੈਸ਼ਲਿਸਟ ਡਾਕਟਰਾਂ ਦੀ ਭਰਤੀ ਦੇ ਮੌਕੇ ਖਤਮ ਹੋ ਜਾਂਦੇ ਹਨ।

4. ਸਪਸ਼ਟ ਹੈ ਕਿ ਰੂਰਲ ਮੈਡੀਕਲ ਅਫਸਰਾਂ ਦੀ ਕੋਈ ਵੀ ਮੰਗ ਸਿਹਤ ਵਿਭਾਗ ਨਾਲ ਸਬੰਧਤ ਨਹੀਂ। ਅਸੀਂ ਸਪੈਸ਼ਲਿਸਟ ਉਦੋਂ ਹੀ ਰੱਖ ਰਹੇ ਹਾਂ ਜੇਕਰ ਉਸ ਥਾਂ ਤੇ ਕੋਈ ਸਪੈਸ਼ਲਿਸਟ ਡਾਕਟਰ ਜਾਣ ਨੂੰ ਤਿਆਰ ਨਹੀਂ। ਇਸ ਕਰਕੇ ਕਿਸੇ ਵੀ ਸਰਵਿਸ ਦੇ ਉਪਰ ਇਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ। ਇਹ ਕੇਸ ਮਾਨਯੋਗ ਮੁੱਖ ਮੰਤਰੀ ਜੀ ਨੂੰ ਸੂਚਨਾ ਲਈ ਪੇਸ਼ ਕੀਤਾ ਜਾਵੇ। ਸੰਭਵ ਹੈ ਕਿ ਜਦੋਂ ਅਸੀਂ ਮਿਤੀ 31/8/2●1● ਦੇ ਆਸਪਾਸ ਰਿਟਾਇਰਡ ਸਪੈਸ਼ਲਿਸਟਾਂ ਨੂੰ ਨੌਕਰੀ ਵਿਚ ਰੱਖਾਂਗੇ ਉਸ ਸਮੇਂ ਰੂਰਲ ਮੈਡੀਕਲ ਅਫਸਰ ਦੋਬਾਰਾ ਵਿਰੋਧ ਕਰਨਗੇ।

(ਸਤੀਸ਼ ਚੰਦਰਾ)

ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ

1●/8/2●1●

ਮਾਨਯੋਗ ਮੁੱਖ ਮੰਤਰੀ ਜੀ

ਉਪਰੋਕਤ ਦਾ ਇੱਕ ਉਤਾਰਾ ਮਾਨਯੋਗ ਸਿਹਤ ਮੰਤਰੀ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਪ੍ਰਮੁੱਖ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ